**ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ, ਉਦਯੋਗ ਭਵਨ, ਸੈਕਟਰ 17-ਏ**
**ਚੰਡੀਗੜ੍ਹ**

**ਉਦਯੋਗਿਕ ਪਾਰਕ/ਉਦਯੋਗਿਕ ਕੇਂਦਰ/ਉਦਯੋਗਿਕ ਗਰੋਥ ਸੈਂਟਰ ਸਥਾਪਿਤ ਕਰਨ ਸਬੰਧੀ**

# Public Notice

ਪੀ.ਐਸ.ਆਈ.ਈ.ਸੀ ਵੱਲੋਂ ਪੰਜਾਬ ਰਾਜ ਵਿੱਚ ਨਵੇਂ ਉਦਯੋਗਿਕ ਪਾਰਕ ਸਥਾਪਿਤ ਕੀਤੇ ਜਾ ਰਹੇ ਹਨ। ਜਿਸ ਲਈ ਚੰਡੀਗੜ੍ਹ ਦੇ ਖੇਤਰ ਦੇ ਲਗਭਗ 50 ਤੋਂ 60 ਕਿਲੋਮੀਟਰ ਦੇ ਘੇਰੇ ਵਿੱਚ ਅਤੇ ਪਹਿਲਾਂ ਤੋਂ ਚੱਲ ਰਹੇ ਰਾਸ਼ਟਰੀ ਮਾਰਗ ਅਤੇ ਨਵੇਂ ਬਣਨ ਵਾਲੇ ਰਾਸ਼ਟਰੀ ਮਾਰਗ ਦੇ ਨੇੜੇ ਪੈਂਦੇ ਖੇਤਰ ਵਿੱਚ ਨਵੇਂ ਉਦਯੋਗਿਕ ਪਾਰਕ ਸਥਾਪਿਤ ਕਰਨ ਦਾ ਸੁਝਾਅ ਹੈ, ਜਿਸ ਲਈ ਪ੍ਰਾਈਵੇਟ ਮਾਲਕੀ ਹੇਠ ਆਉਂਦੀ ਜਮੀਨ ਦੇ ਭੌਂ ਮਾਲਕਾਂ ਅਤੇ ਕਮਿਸ਼ਨ ਏਜੰਟ / ਕੰਪਨੀ ਆਦਿ, ਜੋ ਕਿ ਨਿਗਮ ਵਲੋਂ ਨਿਰਧਾਰਿਤ ਮਾਪਦੰਡਾਂ ਨੂੰ ਪੂਰਾ ਕਰਦੇ ਹੋਣ, ਨੂੰ ਜਮੀਨ ਮੁਹੱਇਆ ਕਰਵਾਉਣ ਲਈ ਆਪਣੇ ਪ੍ਰਸਤਾਵ ਭੇਜਣ ਲਈ ਸੱਦਾ ਦਿੱਤਾ ਜਾਂਦਾ ਹੈ। ਮਾਪਦੰਡ ਅਤੇ ਹੋਰ ਵਧੇਰੇ ਜਾਣਕਾਰੀ ਪੀ.ਐਸ.ਆਈ.ਈ.ਸੀ ਦੀ ਆਫਿਸ਼ਿਅਲ ਵੈਬਸਾਇਟ https://psiec.punjab.gov.in/ ਤੇ ਮੌਜੂਦ ਹੈ। ਇਸ ਸਬੰਧ ਵਿੱਚ ਭੌਂ ਮਾਲਕ, ਕਮਿਸ਼ਨ ਏਜੰਟ / ਕੰਪਨੀ ਆਪਣੇ ਪ੍ਰਸਤਾਵ 04.01.2022 ਤੋਂ ਪਹਿਲਾ, ਪ੍ਰਬੰਧਕ ਨਿਰਦੇਸ਼ਕ, ਪੀ.ਐਸ.ਆਈ.ਈ.ਸੀ., ਸੈਕਟਰ - 17, ਉਦਯੋਗ ਭਵਨ, ਚੰਡੀਗੜ੍ਹ ਨੂੰ ਭੇਜਣ। ਜਮੀਨ ਨਿਰਧਾਰਿਤ ਕਰਨ ਸਬੰਧੀ ਫੈਸਲੇ ਦੇ ਸਾਰੇ ਅਧਿਕਾਰ ਨਿਗਮ ਕੋਲ ਰਾਖਵੇਂ ਹੋਣਗੇ।

ਸਹੀ /-

ਪ੍ਰਬੰਧਕ ਨਿਰਦੇਸ਼ਕ, ਪੀ.ਐਸ.ਆਈ.ਈ.ਸੀ.

ਮਾਪਦੰਡ ਹੇਠ ਅਨੁਸਾਰ ਤਹਿ ਕੀਤੇ ਗਏ -

1. ਮਾਸਟਰ ਪਲੈਨ ਅਨੁਸਾਰ ਜਮੀਨ ਦਾ ਲੈਂਡ ਯੂਜ਼ ਦਰਸਾਇਆ ਜਾਵੇ।
2. ਜਮੀਨ ਇੱਕ ਟੱਕ ਵਿੱਚ ਹੋਣੀ ਚਾਹੀਦੀ ਹੈ।
3. ਜਮੀਨ ਦਾ ਸਾਇਟ ਪਲੈਨ, ਜਿਸ ਵਿੱਚ ਜਮੀਨ ਦੀ ਲੋਕੇਸ਼ਨ, ਐਚ.ਟੀ ਲਾਇਨ ਜੇਕਰ ਹੈ ਤਾਂ, ਮੇਨ ਰੋਡ ਤੋਂ ਅਪਰੋਚ ਰੋਡ ਦੀ ਦੂਰ।
4. ਮੋਕੇ ਤੇ ਸਥਿਤ ਬਿਲਡਿੰਗ ਢਾਂਚਾ, ਕੋਈ ਇੱਟਾਂ ਦਾ ਭੱਠਾ, ਮੋਟਰਾਂ ਅਤੇ ਦਰਖਤ ਆਦਿ ਦੀ ਜਾਣਕਾਰੀ ਦਰਸਾਈ ਜਾਵੇ।
5. ਜਮੀਨ ਉੱਪਰ ਕੋਈ ਝਗੜਾ ਜਾਂ ਕੋਰਟ ਕੇਸ ਨਹੀਂ ਹੋਣਾ ਚਾਹੀਦਾ ਅਤੇ ਮਾਲ ਵਿਭਾਗ ਤੋਂ ਭਾਰ ਮੁਕਤ ਸਰਟੀਫਿਕੇਟ ਨੱਥੀ ਕੀਤਾ ਜਾਵੇ।
6. ਜਮੀਨ ਪੱਧਰੀ ਹੋਣੀ ਚਾਹੀਦੀ ਹੈ ਅਤੇ ਅਪਰੋਚ ਰੋਡ ਤੋਂ ਪੱਧਰ ਵੀ ਦਰਸਾਇਆ ਜਾਵੇ ਅਤੇ ਇਸ ਤੋਂ ਇਲਾਵਾ ਜਮੀਨ ਘੱਟ ਉਪਜਾਊ ਹੋਵੇ।
7. ਰੇਤਲੀ ਅਤੇ ਦਲਦਲੀ ਮਿਟੀ ਵਾਲੀ ਜਮੀਨ ਦੀ ਚੋਣ ਨਹੀ ਕੀਤੀ ਜਾਣੀ ਚਾਹੀਦੀ।
8. ਹਵਾ ਦੇ ਬਹਾਵ ਨੂੰ ਮੁੱਖ ਰਖਦੇ ਹੋਏ, ਸਾਈਟ ਦੀ ਚੋਣ ਕੀਤੀ ਜਾਣੀ ਚਾਹੀਦੀ ਹੈ।
9. ਜਮੀਨ ਹੜ੍ਹ ਪ੍ਰਭਾਵਿਤ ਨਹੀਂ ਹੋਣੀ ਚਾਹੀਦੀ।
10. ਜਮੀਨ ਨੂੰ National Highway / State Highway / Other District Road /Railway line/ Airport ਆਦਿ ਤੋਂ ਜੋ ਵੀ ਅਪਰੋਚ ਲਗਦੀ ਹੈ, ਉਸ ਨੂੰ ਲੋਕੇਸ਼ਨ ਮੈਪ ਤੇ ਦੂਰੀ ਸਥਿਤ ਦਰਸਾਇਆ ਜਾਵੇ ਅਤੇ ਅਪਰੋਚ ਰੋਡ ਘੱਟੋਂ-ਘੱਟ 40 ਫੁੱਟ ਚੋੜੀ ਹੋਣੀ ਚਾਹੀਦੀ ਹੈ ਅਤੇ ਉਸ ਸੜਕ ਨੂੰ ਚੋੜਾ ਕਰਨ ਲਈ ਇੰਨੀ ਜਗ੍ਹਾ ਖਾਲੀ ਹੋਵੇ ਜੋ ਟਾਊਨ ਪਲੈਨਿੰਗ ਦੇ ਹਦਾਇਤਾਂ ਨੂੰ ਪੂਰਾ ਕਰਦੀ ਹੋਵੇ।
11. Dry-port ਦੇ ਨੇੜੇ ਸਾਇਟ ਨੂੰ ਤਰਜੀਹ ਦੇਣੀ ਚਾਹੀਦੀ ਹੈ, ਤਾਂ ਜੋ ਕੱਚਾ ਮਾਲ ਅਤੇ ਤਿਆਰ ਮਾਲ ਨੂੰ ਇਕ ਥਾਂ ਤੋਂ ਦੂਜੀ ਥਾਂ ਤੇ ਜਲਦੀ ਪਹੁੰਚਾਇਆ ਜਾ ਸਕੇ।
12. ਜਮੀਨ ਵਿੱਚੋਂ ਕੋਈ ਬਰਸਾਤੀ ਨਾਲਾ/ ਡਰੇਨ ਲੰਘਦਾ ਹੈ, ਉਸਨੂੰ ਵੀ ਅਕਸ ਛੱਜਰੇ ਨਕਸੇ ਤੇ ਦਰਸਾਇਆ ਜਾਵੇ।
13. ਜਮੀਨ ਦੇ ਨੇੜੇ ਕੋਈ ਨਹਿਰੀ ਪਾਣੀ ਜਾਂ ਕੋਈ ਮਾਇਨਰ ਆਦਿ ਲੰਘਦਾ ਹੋਵੇ, ਜਿਸ ਤੋਂ ਉਦਯੋਗਿਕ ਪਾਰਕ ਲਈ ਪਾਣੀ ਦੀ ਵਿਵਸਥਾ ਕੀਤੀ ਜਾ ਸਕੇ। ਨਹਿਰੀ, ਮਾਈਨਰ ਆਦਿ ਤੋਂ ਵੀ ਜਮੀਨ ਦੀ ਦੂਰੀ ਦਰਸਾਈ ਜਾਵੇ।
14. ਜਮੀਨ ਘੱਟੋ- ਘੱਟ 100 ਏਕੜ ਤੋਂ 500 ਏਕੜ ਦੇ ਟੱਕ ਵਿੱਚ ਹੋਣੀ ਚਾਹੀਦੀ ਹੈ।
15. ਜਮੀਨ ਕੇਂਦਰੀ ਗਰਾਊਂਡ ਵਾਟਰ ਅਥਾਰਟੀ ਦੀ ਗਾਈਡਲਾਈਨਜ਼ ਅਨੁਸਾਰ ਡਾਰਕ ਜੋਨ ਦੇ ਵਿੱਚ ਨਹੀਂ ਹੋਣੀ ਚਾਹੀਦੀ।
16. ਜਮੀਨ ਨਾਲ ਸਬੰਧਿਤ ਸਾਰਾ ਰਿਕਾਰਡ ਜਿਵੇਂ ਕਿ ਅਕਸ ਛੱਜਰਾ ਨਕਸਾ, ਜਮਾਂਬੰਦੀਆਂ ਅਤੇ ਕੁਲੈਕਟਰ ਰੇਟ ਉਪਲੱਬਧ ਕਰਵਾਏ ਜਾਣ।
17. ਭੌਂ ਮਾਲਕ ਕੋਲ ਜੇਕਰ ਵਾਤਾਵਰਨ ਕਲੀਅਰੈਂਸ ਅਤੇ ਸੀ.ਐਲ.ਯੂ ਮੌਜੂਦ ਹੈ, ਉਹ ਵੀ ਭੇਜਿਆ ਜਾਵੇ।
18. ਜਮੀਨ ਜੇਕਰ ਕਿਸੇ ਮਿਊਂਨਸਿਪਲ ਕਾਰਪੋਰੇਸ਼ਨ ਲਿਮਟ/ ਮਿਲਟ੍ਰੀ ਏਰਿਆ ਅਤੇ ਹੈਰੀਟੇਜ ਲੈਂਡ ਆਦਿ ਵਿੱਚ ਆਉਂਦੀ ਹੋਵੇ, ਉਸ ਨੂੰ ਵੀ ਦਰਸਾਇਆ ਜਾਵੇ।
19. ਉਪਰੋਕਤ ਤੋਂ ਇਲਾਵਾ ਜੇਕਰ ਕਿਸੇ ਵਿਭਾਗ ਤੋਂ ਇਤਰਾਜਹੀਨਤਾ ਸਰਟੀਫਿਕੇਟ ਦੀ ਜਰੂਰਤ ਹੋਵੇਗੀ, ਉਹ ਵੀ ਉੱਪਲਭਧ ਕਰਵਾਉਣਾ ਹੋਵੇਗਾ।